# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 25 ਦਸੰਬਰ 2024 ਦਿਨ ਬੁੱਧਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਵਿਖੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 25 ਦਸੰਬਰ :ਬੀਤੇ ਐਤਵਾਰ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦੁਆਰਾ ਨਾਨਕ ਨਿਵਾਸ, ਨੰਬਰ ਪੰਜ ਰੋਡ, ਰਿਚਮੰਡ ਵਿਖੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਦਾ ਸ਼ਹੀਦੀ ਦਿਨ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। ਸੰਗਤਾਂ ਨੇ ਭਾਰੀ ਗਿਣਤੀ ਵਿਚ ਗੁਰੂ ਘਰ ਵਿਖੇ ਪਹੁੰਚ ਕੇ ਕੌਮ ਦੇ ਇਹਨਾਂ ਬਹੁਤ ਹੀ ਸਤਿਕਾਰਯੋਗ ਸ਼ਹੀਦਾਂ ਨੂ ਸ਼ਰਧਾਂਜਲੀ ਭੇਂਟ ਕੀਤੀ। ਗੁਰੂ ਘਰ ਦੇ ਕੀਰਤਨੀ ਜਥੇ ਨੇ ਕੀਰਤਨ ਅਤੇ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਕਿਹਾ ਕਿ ਦਸੰਬਰ ਦਾ ਮਹੀਨਾ ਸਿੱਖ ਜਗਤ ਲਈ ਬਹੁਤ ਹੀ ਦੁੱਖ ਭਰੀਆਂ ਯਾਦਾਂ ਵਾਲਾ ਮਹੀਨਾ ਹੈ। ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਇਸ ਮਹੀਨੇ ਸ਼ਹੀਦ ਕਰ ਦਿੱਤੇ ਗਏ ਸਨ। ਚਮਕੌਰ ਦੀ ਗੜ੍ਹੀ ਦੀ ਜੰਗ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹੀਦ ਹੋ ਗਏ ਸਨ। ਚਮਕੌਰ ਦੀ ਗੜ੍ਹੀ ਦੀ ਜੰਗ ਦੁਨੀਆਂ ਦੀਆਂ ਬਹੁਤ ਹੀ ਮਹੱਤਵਪੂਰਨ ਜੰਗਾਂ ਵਿਚ ਗਿਣੀ ਜਾਂਦੀ ਹੈ। ਦਸੰਬਰ ਵਿਚ ਹੀ ਛੋਟੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਅਤੇ ਬਾਬਾ ਫਤਿਹ ਸਿੰਘ ਸਰਹੰਦ ਵਿਖੇ ਸ਼ਹੀਦੀ ਪ੍ਰਾਪਤ ਕਰ ਗਏ ਸਨ।

ਸ. ਸੰਘੇੜਾ ਨੇ ਕਿਹਾ ਕਿ ਇਹ ਬਹੁਤ ਹੀ ਦੁੱਖ ਵਾਲੀ ਗੱਲ ਹੈ ਕਿ ਜਿਹਨਾਂ ਪਹਾੜੀ ਰਾਜਿਆਂ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਜੀ ਨੇ ਗਵਾਲੀਅਰ ਦੇ ਕਿਲੇ ਦੀ ਜੇਲ੍ਹ ਵਿੱਚੋਂ ਰਿਹਾਅ ਕਰਾਇਆ ਸੀ, ਉਹਨਾਂ ਦੀ ਔਲਾਦ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਦੁਸ਼ਮਣ ਬਣ ਗਈ ਅਤੇ ਗੁਰੂ ਜੀ ਦੇ ਖ਼ਿਲਾਫ਼ ਔਰੰਗਜੇਬ ਦਾ ਸਾਥ ਦਿੱਤਾ। ਇਸੇ ਹੀ ਤਰ੍ਹਾਂ ਗੁਰੂ ਜੀ ਦੇ ਰਸੋਈਏ ਗੰਗੂ, ਜਿਸ ਦੇ ਬਜ਼ੁਰਗਾਂ ਦੀ ਬੇਨਤੀ ਨੂੰ ਮੰਨਦੇ ਹੋਏ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਦਿੱਤੀ ਸੀ, ਉਸ ਨੇ ਹੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨਾਲ ਦਗ਼ਾ ਕੀਤਾ। ਗੁਰੂ ਜੀ ਦੇ ਕੁਝ ਪ੍ਰੇਮੀਆਂ ਨੇ ਇਸ ਦੁੱਖ ਭਰੇ ਸਮੇਂ ਬਹੁਤ ਹੀ ਸ਼ਲਾਘਾ ਯੋਗ ਯੋਗਦਾਨ ਵੀ ਪਾਇਆ। ਇਹਨਾਂ ਵਿਚ ਮਲੇਰਕੋਟਲਾ ਦੇ ਨਵਾਬ ਸ਼ੇਰ ਖਾਂ, ਮੋਤੀ ਲਾਲ ਮਹਿਰਾ ਅਤੇ ਟੋਡਰ ਮੱਲ ਜੀ ਦੇ ਨਾਮ ਵਰਨਣਯੋਗ ਹਨ। ਇਹ ਸਭ ਸਾਡੇ ਧੰਨਵਾਦ ਦੇ ਪਾਤਰ ਹਨ।

ਅੰਤ ਵਿਚ ਸ. ਸੰਘੇੜਾ ਨੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਰਤਨੀ ਜਥੇ, ਲੰਗਰ ਦੀ ਸੇਵਾ ਕਰਨ ਵਾਲੀਆਂ ਬੀਬੀਆਂ, ਸੇਵਾਦਾਰਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

## ਮੌਡਰੇਟ ਸੁਸਾਇਟੀਆਂ ਵੱਲੋਂ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ 'ਯੂਨਾਈਟਡ ਸਿੱਖ ਐਂਡ ਹਿੰਦੂ ਐਸੋਸੀਏਸ਼ਨ ਆਫ਼ ਨੌਰਥ ਅਮਰੀਕਾ' ਦਾ ਗਠਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 25 ਦਸੰਬਰ : ਮੌਡਰੇਟ ਸਿੱਖ ਅਤੇ ਹਿੰਦੂ ਸੁਸਾਇਟੀਆਂ ਵੱਲੋਂ ਕੈਨੇਡਾ ਵਿਚ ਵਸਦੇ ਹਿੰਦੂ ਸਿੱਖ ਭਾਈਚਾਰੇ ਵਿਚਾਲੇ ਏਕਤਾ ਬਣਾਈ ਰੱਖਣ ਅਤੇ ਗੁਰੂ ਘਰਾਂ ਤੇ ਮੰਦਰਾਂ ਦੇ ਬਾਹਰ ਵਿਖਾਵਿਆਂ ਤੇ ਰੋਸ ਮੁਜ਼ਾਹਰਿਆਂ ਦਾ ਵਿਰੋਧ ਕਰਨ ਦਾ ਫੈਸਲਾ ਕਰਦਿਆਂ 'ਯੂਨਾਈਟਡ ਸਿੱਖ ਐਂਡ ਹਿੰਦੂ ਐਸੋਸੀਏਸ਼ਨ ਆਫ ਨਾਰਥ ਅਮਰੀਕਾ' ਦਾ ਗਠਨ ਕੀਤਾ ਗਿਆ ਹੈ।

ਇਸ ਸੰਬਧ ਵਿਚ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਕੁਲਦੀਪ ਸਿੰਘ ਥਾਂਦੀ ਦੇ ਸੱਦੇ 'ਤੇ ਬੀਤੇ ਦਿਨੀਂ ਖ਼ਾਲਸਾ ਦੀਵਾਨ ਸੁਸਾਇਟੀ, ਰੌਸ ਸਟਰੀਟ ਵੈਨਕੂਵਰ ਵਿਖੇ ਮੌਡਰੇਟ ਸਿੱਖ ਅਤੇ ਹਿੰਦੂ ਸੁਸਾਇਟੀਆਂ ਦੀ ਇਕ ਭਰਵੀਂ ਮੀਟਿੰਗ ਹੋਈ ਜਿਸ ਵਿਚ ਲਗਭਗ 20 ਗੁਰਦੁਆਰਿਆਂ ਤੇ ਮੰਦਿਰਾਂ ਦੇ ਨੁਮਾਇੰਦੇ ਸ਼ਾਮਿਲ ਹੋਏ। ਮੀਟਿੰਗ ਵਿਚ ਸਰਬਸੰਮਤੀ ਨਾਲ 'ਯੂਨਾਈਟਡ ਸਿੱਖ ਐਂਡ ਹਿੰਦੂ ਐਸੋਸੀਏਸ਼ਨ ਆਫ ਨਾਰਥ ਅਮਰੀਕਾ' ਨਾਮ ਦੀ ਜਥੇਬੰਦੀ ਦੇ ਸਥਾਪਿਤ ਕੀਤੀ ਗਈ ਅਤੇ ਕਸ਼ਮੀਰ ਸਿੰਘ ਧਾਲੀਵਾਲ ਨੂੰ ਇਸ ਜਥੇਬੰਦੀ ਦਾ ਪ੍ਰਧਾਨ ਤੇ ਮੁੱਖ ਬੁਲਾਰਾ ਚੁਣਿਆ ਗਿਆ।



ਮੀਟਿੰਗ ਦੌਰਾਨ ਕੈਨੇਡਾ ਵਿਚ ਵੱਖਵਾਦੀ ਤੇ ਧਰਮ ਦੇ ਨਾਮ ਤੇ ਫੁੱਟਪਾਊ ਤਾਕਤਾਂ ਦੀ ਸਖਤ ਨਿੰਦਾ ਕਰਦਿਆਂ ਹਿੰਦੂ-ਸਿੱਖ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਅਹਿਦ ਕੀਤਾ ਗਿਆ। ਪਾਸ ਕੀਤੇ ਗਏ ਮਤਿਆਂ ਵਿਚ ਕੈਨੇਡਾ ਵਿਚ ਵਸਦੇ ਹਿੰਦੂ ਸਿੱਖ ਭਾਈਚਾਰੇ ਵਿਚਾਲੇ ਆਪਸੀ ਸਾਂਝ ਪਕੇਰੀ ਕਰਨ ਅਤੇ ਗੁਰੂ ਘਰਾਂ ਤੇ ਮੰਦਿਰਾਂ ਦੇ ਬਾਹਰ ਵਿਖਾਵਿਆਂ ਤੇ ਰੋਸ ਮੁਜ਼ਾਹਰਿਆਂ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ। ਯੂਨਾਈਟਡ ਸਿੱਖ ਐਂਡ ਹਿੰਦੂ ਐਸੋਸੀਏਸ਼ਨ ਆਫ ਨਾਰਥ ਅਮਰੀਕਾ ਦੀ 20 ਮੈਂਬਰੀ ਕਮੇਟੀ ਵੀ ਬਣਾਈ ਗਈ।



ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਜਰਨੈਲ ਸਿੰਘ ਭੰਡਾਲ, ਗਿਆਨੀ ਹਰਕੀਰਤ ਸਿੰਘ, ਪਰਸ਼ੋਤਮ ਗੋਇਲ, ਬਲਵੰਤ ਸਿੰਘ ਸੰਘੇੜਾ, ਸੁਰਿੰਦਰ ਸਿੰਘ ਜੱਬਲ, ਪ੍ਰੀਤ ਸੰਧੂ, ਕੁਲਵੰਤ ਸਿੰਘ ਢੇਸੀ, ਕੁਲਦੀਪ ਸਿੰਘ, ਮਲਕੀਤ ਸਿੰਘ ਧਾਮੀ, ਬਲਜਿੰਦਰ ਸਿੰਘ ਬੈਂਸ, ਹਰਜੀਤ ਸੋਹਪਾਲ, ਗੋਪਾਲ ਲੋਹੀਆ, ਸਤੀਸ਼ ਕੁਮਾਰ, ਰਮੇਸ਼ ਬਖਸ਼ੀ, ਨਿਰਮਲ (ਨੋਰਮ) ਸੰਘਾ ਨੇ ਨੇ ਇਸ ਜਥੇਬੰਦੀ ਦੇ ਗਠਨ ਅਤੇ ਪਾਸ ਕੀਤੇ ਮਤਿਆਂ ਦੀ ਪ੍ਰਸੰਸਾ ਕੀਤੀ ਅਤੇ ਇਸ ਦਾ ਦਾਇਰਾ ਪੂਰੇ ਨਾਰਥ ਅਮਰੀਕਾ ਤੱਕ ਵਧਾਉਣ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਇਨ੍ਹਾਂ ਬੁਲਾਰਿਆਂ ਨੇ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਕੁਲਦੀਪ ਸਿੰਘ ਥਾਂਦੀ ਤੇ ਸਮੁੱਚੀ ਪ੍ਰਬੰਧਕ ਕਮੇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਜਥੇਬੰਦੀ ਦਾ ਗਠਨ ਸਮੇਂ ਦੀ ਵੱਡੀ ਜ਼ਰੂਰਤ ਸੀ। ਕਸ਼ਮੀਰ ਸਿੰਘ ਧਾਲੀਵਾਲ ਅਤੇ ਕੁਲਦੀਪ ਸਿੰਘ ਥਾਂਦੀ ਨੇ ਸਾਰੇ ਨੁਮਾਇਦਿਆਂ ਦਾ ਪਹੁੰਚਣ ਤੇ ਧੰਨਵਾਦ ਕੀਤਾ।

ਜ਼ਿਕਰਯੋਗ ਹੈ ਕਿ ਨਵੰਬਰ ਮਹੀਨੇ ਕੈਨੇਡਾ ਦੇ ਗੁਰੂ ਘਰਾਂ ਤੇ ਮੰਦਰਾਂ ਵਿਚ ਭਾਰਤੀ ਕੌਂਸਲ ਵੱਲੋਂ ਕੌਂਸਲਰ ਸੇਵਾਵਾਂ ਲਈ ਕੈਂਪ ਲਾਏ ਗਏ ਸਨ ਅਤੇ ਇਨ੍ਹਾਂ ਕੈਂਪਾਂ ਦੌਰਾਨ ਬਰੈਂਪਟਨ ਅਤੇ ਸਰੀ ਵਿਚ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਕੁਝ ਹਿੰਸਕ ਝੜਪਾਂ ਹੋਈਆਂ ਸਨ ਅਤੇ ਹਾਲਾਤ ਤਣਾਅਪੂਰਣ ਬਣ ਗਏ ਸਨ। ਕੈਨੇਡੀਅਨ ਭਾਈਚਾਰਾਕ ਸਾਂਝ ਦੀ ਮਜ਼ਬੂਤੀ ਲਈ ਮੌਡਰੇਟ ਸੁਸਾਇਟੀਆਂ ਵੱਲੋਂ ਸਾਂਝੀ ਜਥੇਬੰਦੀ ਕਾਇਮ ਕਰਨਾ ਇਕ ਮਹੱਤਵਪੂਰਨ ਤੇ ਵੱਡਾ ਕਦਮ ਸਮਝਿਆ ਜਾ ਰਿਹਾ ਹੈ।

## ਬਹੁਤ ਦਿਲਚਸਪ ਤੇ ਯਾਦਗਾਰੀ ਰਿਹਾ ਪਰਮਜੀਤ ਦਿਓਲ ਨਾਲ ਪ੍ਰੋਗਰਾਮ ਸਿਰਜਣਾ ਦੇ ਆਰ ਪਾਰ

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ




ਬਰੈਂਪਟਨ , 25 ਦਸੰਬਰ : ਅੰਤਰਰਾਸ਼ਟਰੀ ਸਾਹਿਤਕ ਸਾਂਝਾ ਵੱਲੋਂ ਮਹੀਨਾਵਾਰ ਪ੍ਰੋਗਰਾਮ ਸਿਰਜਣਾ ਦੇ ਆਰ ਪਾਰ 22 ਦਸੰਬਰ ਐਤਵਾਰ ਨੂੰ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ ਗਿਆ ।ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਵਾਲੀਆ ਰੰਮੀ ਜੀ ਦੇ ਵਿਸ਼ੇਸ਼ ਯਤਨਾਂ ਨਾਲ ਇਸ ਪ੍ਰੋਗਰਾਮ ਵਿੱਚ ਕੈਨੇਡਾ ਵੱਸਦੀ ਪ੍ਰਸਿੱਧ ਪੰਜਾਬੀ ਲੇਖਕ, ਅਦਾਕਾਰਾ ਪਰਮਜੀਤ ਕੌਰ ਦਿਓਲ ਨਾਲ ਪ੍ਰੋ ਕੁਲਜੀਤ ਕੌਰ ਨੇ ਰੂਬਰੂ ਕੀਤਾ ।ਪ੍ਰੋਗਰਾਮ ਦੇ ਆਰੰਭ ਵਿੱਚ ਰਿੰਟੂ ਭਾਟੀਆ ਪ੍ਰਧਾਨ ਅੰਤਰਰਾਸ਼ਟਰੀ ਸਾਹਿਤਿਕ ਸਾਂਝਾ ਨੇ ਪਰਮਜੀਤ ਦਿਓਲ ਦਾ ਸਵਾਗਤ ਕਰਦਿਆਂ ਉਹਨਾਂ ਦਾ ਇੱਕ ਗੀਤ ਗਾ ਕੇ ਸੁਣਾਇਆ "ਮੈਲੀ ਰੁੱਤੇ ਸੂਰਜ ਚੜ੍ਹਿਆ ਮੇਰੇ ਮੌਲਾ ਖੈਰ ਕਰੀ ,ਚਾਨਣ ਨੇ ਇੱਕ ਹਉਕਾ ਭਰਿਆ ਮੇਰੇ ਮੌਲਾ ਖੈਰ ਕਰੇ "ਉਪਰੰਤ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਸਰਪ੍ਰਸਤ ਸੁਰਜੀਤ ਟੋਰਾਂਟੋ ਜੀ ਨੇ ਪਰਮਜੀਤ ਕੌਰ ਦੀ ਰਸਮੀ ਜਾਣ ਪਛਾਣ ਕਰਾਈ ਤੇ ਉਹਨਾਂ ਨੂੰ ਇੱਕ ਯੋਗ ਅਦਾਕਾਰਾ ਤੇ ਕਵਿੱਤਰੀ ਦੱਸਿਆ ਜਿਸ ਨੇ ਆਪਣੇ ਬੋਲਾਂ ਨਾਲ ਤੇ ਆਪਣੀ ਅਦਾਕਾਰੀ ਨਾਲ ਜਿੱਥੇ ਨਾਰੀ ਦੇ ਅੰਦਰ ਇਕ ਸਵੈ ਵਿਸ਼ਵਾਸ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ ਨਾਲ ਹੀ ਬਹੁਤ ਸਾਰੀਆਂ ਪੁਸਤਕਾਂ ਲਿਖ ਕੇ ਪੰਜਾਬੀ ਕਾਵਿ ਦੀ ਵਿੱਚ ਝੋਲੀ ਵਿੱਚ ਪਾਈਆਂ ਹੈ ਸਾਹਾਂ ਦੀ ਪੱਤਰੀ, ਤੂੰ ਕੱਤ ਬਿਰਹਾ, ਮੈਂ ਇੱਕ ਰਿਸ਼ਮ ਤੇ ਕੂੰਜਾ ਉਹਨਾਂ ਦੀਆਂ ਵਿਸ਼ੇਸ਼ ਪੁਸਤਕਾਂ ਹਨ। ਪ੍ਰੋਗਰਾਮ ਦੇ ਅਗਲੇ ਪੜਾਅ ਵਿੱਚ ਰਮਿੰਦਰ ਰੰਮੀ ਜੀ ਨੇ ਆਪਣੀ ਇੱਕ ਕਵਿਤਾ ਰਾਹੀਂ ਪਰਮਜੀਤ ਦਿਓਲ ਦੇ ਨਾਲ ਆਪਣੀ ਸਾਂਝ ਅਤੇ ਉਹਨਾਂ ਦੀ ਸ਼ਖਸੀਅਤ ਨੂੰ ਪ੍ਰਗਟ ਕੀਤਾ ।ਰੂਬਰੂ ਦੇ ਵਿੱਚ ਪ੍ਰੋਫੈਸਰ ਕੁਲਜੀਤ ਕੌਰ ਨੇ ਪਰਮਜੀਤ ਦਿਓਲ ਦਾ ਸਵਾਗਤ ਕਰਦਿਆਂ ਉਨਾਂ ਦੀ ਸ਼ਾਇਰੀ ਨੂੰ ਸਵੈ ਸੰਵਾਦ ਵਾਲੀ ਸ਼ਾਇਰੀ ਦੱਸਿਆ ਤੇ ਪਰਮਜੀਤ ਦਿਓਲ ਜੀ ਨੇ ਆਪਣੀ ਨਜ਼ਮ "ਜੁਗਨੂੰ ਨੇ ਕੀਤੀ ਚਾਨਣੀ ਮੈ ਚਾਨਣ ਕਲਾਵੇ ਭਰ ਲਿਆ ਉਗਦੇ ਸੂਰਜ ਨੂੰ ਅਰਗ ਦੇ ਉਮਰਾਂ ਦਾ ਵਾਅਦਾ ਕਰ ਲਿਆ ,ਡਰਦੀ ਸਾਂ ਐਵੇਂ ਅੱਗ ਤੋਂ ਸੂਰਜ ਨੂੰ ਤਲੀਏ ਧਰ ਲਿਆ ।ਤਰਸੀ ਸਾਂ ਇੱਕ ਬੂੰਦ ਨੂੰ ਰੱਖ ਸਾਹਵੇਂ ਘੜਾ ਭਰ ਲਿਆ ।" ਸੁਣਾਈ ਤਾਂ ਉਹਨਾਂ ਦੀ ਇਸ ਨਜ਼ਮ ਤੋਂ ਬਾਅਦ ਉਹਨਾਂ ਨੇ ਆਪਣੇ ਸਾਹਿਤਕ ਸਫਰ ਬਾਰੇ ਦੱਸਿਆ ਆਪਣੇ ਪਰਿਵਾਰਿਕ ਮਾਹੌਲ ਵਿੱਚ ਆਪਣੇ ਭਰਾ ਤੇ ਪਿਤਾ ਦੁਆਰਾ ਦਿੱਤੇ ਉਤਸ਼ਾਹ ਨੂੰ ਉਹਨਾਂ ਨੇ ਪਾਠਕਾਂ ਨਾਲ ਸਾਂਝਾ ਕੀਤਾ। ਇੱਕ ਸਧਾਰਨ ਪਰਿਵਾਰ ਵਿੱਚ ਪੈਦਾ ਹੋਈ ਪਰਮਜੀਤ ਦਿਓਲ ਨੇ ਸਾਹਿਤ ਨਾਲ ਸਾਂਝ ਪਾ ਲਈ ਪਰ ਉਸਦੀ ਸਾਹਿਤਕ ਲਗਨ ਅਤੇ ਅਦਾਕਾਰੀ ਨੂੰ ਉਸ ਵੇਲੇ ਬਲ ਮਿਲਿਆ ਜਦੋਂ ਉਹਨਾਂ ਦੇ ਜੀਵਨ ਸਾਥੀ ਸਰਦਾਰ ਤੀਰਥ ਸਿੰਘ ਦਿਓਲ ਜਿਹੜੇ ਕਿ ਖੁਦ ਵੀ ਕਬੱਡੀ ਦੇ ਪ੍ਰਮੋਟਰ ਅਤੇ ਸਫਲ ਬਿਜਨਸਮੈਨ ਹਨ ਉਹਨਾਂ ਦੇ ਸਾਥ ਨੇ ਉਹਨਾਂ ਦੀ ਕਲਾ ਨੂੰ ਹੋਰ ਨਿਖਾਰਿਆ ਉਹਨਾਂ ਦੇ ਪਰਿਵਾਰਕ ਮਾਹੌਲ ਵਿੱਚ ਪੰਜਾਬੀ ਭਾਸ਼ਾ ਨੂੰ ਬੋਲਣਾ ਤੇ ਬੱਚਿਆਂ ਨੂੰ ਪੰਜਾਬੀ ਸਾਹਿਤ ਤੋਂ ਜਾਣੂ ਕਰਵਾਉਣਾ ਇੱਕ ਫਰਜ਼ ਸਮਝਿਆ ਜਾਂਦਾ ਹੈ। ਪਰਮਜੀਤ ਦਿਓਲ ਨੇ ਜਿੱਥੇ ਆਪਣੀਆਂ ਕਾਵਿਕ ਰਚਨਾਵਾਂ ਸਾਂਝੀਆਂ ਕੀਤੀਆਂ ਨਾਲ ਨਾਲ ਆਪਣੀ ਅਦਾਕਾਰੀ ਅਤੇ ਲਿਖਣ ਦੇ ਸ਼ੌਂਕ, ਘਰੇਲੂ ਕੰਮਕਾਰ ,ਬੱਚੇ ਪਾਲਣਾ ਤੇ ਨਾਲ ਨਾਲ ਥੀਏਟਰ ਕਰਨ ਵਾਲੇ ਔਖੀਆਂ ਚੁਨੌਤੀਆਂ ਬਾਰੇ ਵੀ ਦੱਸਿਆ। ਇਕ ਲੰਬੇ ਅਰਸੇ ਤੋਂ ਕੈਨੇਡਾ ਰਹਿ ਰਹੀ ਪਰਮਜੀਤ ਦਿਓਲ ਨੇ ਦੱਸਿਆ ਕਿ ਉਸ ਨੂੰ ਰੰਗ ਮੰਚ ਕਲਾ ਨਾਲ ਜੋੜਨ ਵਿੱਚ ਸਰਦਾਰ ਪਿਆਰਾ ਸਿੰਘ ਕੁੱਦੋਵਾਲ ਜੀ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਮੰਚ ਨਾਲ ਵੀ ਉਹ ਸ਼ੁਰੂ ਚ ਜੁੜੇ ਤੇ ਉਹਨਾਂ ਨੇ ਆਪਣੀ ਅਦਾਕਾਰੀ ਦਾ ਸ਼ੌਂਕ ਵੀ ਪੂਰਾ ਕੀਤਾ। ਉਹਨਾਂ ਨੇ ਬਹੁਤ ਸਾਰੀਆਂ ਵੈਬ ਸੀਰੀਜ਼ ਦੇ ਵਿੱਚ ਤੇ ਫਿਲਮ ਵਿੱਚ ਕੰਮ ਕੀਤਾ ।ਪਰਮਜੀਤ ਦਿਓਲ ਮੀਡੀਆ ਨਾਲ ਜੁੜੀ ਸ਼ਖਸੀਅਤ ਵੀ ਹੈ ਉਹਨਾਂ ਨੇ ਕੈਨੇਡਾ ਵਿੱਚ ਰੇਡੀਓ ਅਤੇ ਟੀਵੀ ਰਾਹੀਂ ਆਪਣੀ ਵੱਖਰੀ ਪਛਾਣ ਬਣਾਈ ਤੇ ਪੰਜਾਬੀ ਮਾਤ ਭਾਸ਼ਾ ਨਾਲ ਜੁੜੇ ਰਹੇ।ਉਹਨਾਂ ਨੇ ਦੱਸਿਆ ਕਿ ਭਾਵੇਂ ਉਹ ਹੁਣ ਕਨੇਡਾ ਲੰਬੇ ਅਰਸੇ ਤੋਂ ਰਹਿ ਰਹੇ ਹਨ ਪਰ ਹਾਲੇ ਵੀ ਪੰਜਾਬ ਦੇ ਪਿੰਡਾਂ ਦੇ ਰੰਗਲੇ ਦ੍ਰਿਸ਼ ਜਿਨਾਂ ਵਿੱਚ ਪੰਜਾਬੀ ਸੱਭਿਆਚਾਰ ਦੀਆਂ ਝਲਕਾਂ ਹਨ। ਉਹ ਆਪ ਮੁਹਾਰੇ ਉਹਨਾਂ ਦੀਆਂ ਰਚਨਾਵਾਂ ਵਿੱਚ ਆ ਜਾਂਦੇ ਹਨ ।ਉਹਨਾਂ ਸ਼ੁਰੂ ਸ਼ੁਰੂ ਵਿੱਚ ਕਹਾਣੀ ਰਚਨਾ ਵੀ ਕੀਤੀ ਪਰਮਜੀਤ ਦਿਓਲ ਨੇ ਕੈਨੇਡਾ ਵਿੱਚਲੀਆਂ ਸਾਹਿਤ ਸਭਾਵਾਂ ਦਾ ਵੀ ਆਪਣੇ ਉੱਪਰ ਗੂੜ੍ਹਾ ਪ੍ਰਭਾਵ ਦੱਸਿਆ ਤੇ ਇਹਨਾਂ ਵਿੱਚ ਹੋਏ ਪ੍ਰੋਗਰਾਮਾਂ ਚ ਹਿੱਸਾ ਲੈਣ ਨਾਲ ਉਹਨਾਂ ਨੂੰ ਕਵਿਤਾ ਲਿਖਣ ਦਾ ਹੋਰ ਉਤਸ਼ਾਹ ਤੇ ਬਲ ਮਿਲਿਆ ।ਇਸ ਪ੍ਰੋਗਰਾਮ ਦੌਰਾਨ ਪਰਮਜੀਤ ਦਿਓਲ ਜੀ ਬਾਰੇ ਉਹਨਾਂ ਦੇ ਸ਼ੁਭ ਚਿੰਤਕਾਂ ਨੇ ਬਹੁਤ ਸਾਰੇ ਸੁਨੇਹੇ ਦਿੱਤੇ ਜਿਨਾਂ ਵਿੱਚ ਉਹਨਾਂ ਦੇ ਪਤੀ ਸਰਦਾਰ ਤੀਰਥ ਸਿੰਘ ਦਿਓਲ ਨੇ ਪਰਮਜੀਤ ਦੀ ਸਾਹਿਤ ਪ੍ਰਤੀ ਲਗਨ ਬਾਰੇ ਦੱਸਦਿਆਂ ਉਹਨਾਂ ਨੂੰ ਇੱਕ ਅਜਿਹਾ ਮਾਹੌਲ ਪ੍ਰਦਾਨ ਕਰਨ ਦੀ ਗੱਲ ਕੀਤੀ ਜਿੱਥੇ ਉਹ ਖੁੱਲ ਕੇ ਆਪਣੇ ਮਨ ਦੀ ਗੱਲ ਕਹਿ ਸਕਣ ਤੇ ਉਹਨਾਂ ਨੂੰ ਪਰਿਵਾਰਕ ਪੱਧਰ ਤੇ ਜਿੰਨਾ ਸਹਿਯੋਗ ਦੇ ਸਕਦੇ ਹਨ ਉਨ੍ਹਾਂ ਸੁਖਾਵਾਂ ਮਾਹੌਲ ਦਿੱਤਾ।ਉਹਨਾਂ ਨੇ ਇਸ ਬਾਰੇ ਦੱਸਿਆ ਕਿ ਬੱਚਿਆਂ ਦੇ ਅੰਦਰ ਵੀ ਸਾਹਿਤ ਦੀਆਂ ਰੁਚੀਆਂ ਪੈਦਾ ਕਰਨਾ ਤੇ ਕਲਾ ਨਾਲ ਉਹਨਾਂ ਨੂੰ ਜੋੜਨ ਵਿੱਚ ਪਰਮਜੀਤ ਦਾ ਵਿਸ਼ੇਸ਼ ਯੋਗਦਾਨ ਹੈ ।ਉਹਨਾਂ ਨੇ ਪਰਮਜੀਤ ਨੂੰ ਇੱਕ ਅਜਿਹੀ ਸ਼ਖਸੀਅਤ ਦੇ ਤੌਰ ਤੇ ਦੱਸਿਆ ਜਿਸ ਅੰਦਰ ਆਪਣੇ ਸੁਪਨੇ ਪੂਰੇ ਕਰਨ ਦੀ ਲਗਨ ਹੈ ਤੇ ਇਨਾ ਸੁਪਨਿਆਂ ਨੂੰ ਪਰਵਾਜ਼ ਦੇਣ ਲਈ ਉਹਨਾਂ ਦੇ ਪਤੀ ਨੇ ਉਨਾਂ ਦਾ ਲੰਬੇ ਅਰਸੇ ਤੋਂ ਸਾਥ ਦਿੱਤਾ। ਇਸ ਪ੍ਰੋਗਰਾਮ ਵਿੱਚ ਡਾ .ਰਵੇਲ ਸਿੰਘ ਨੇ ਪਰਮਜੀਤ ਨੂੰ ਅਜਿਹੀ ਸ਼ਖਸੀਅਤ ਦੱਸਿਆ ਜਿਸ ਤਾਂ ਸਮੁੱਚਾ ਪਰਿਵਾਰ ਪੰਜਾਬੀ ਭਾਸ਼ਾ ਤੇ ਪੰਜਾਬੀਅਤ ਨਾਲ ਜੁੜਿਆ ਹੈ ਉਹਨਾਂ ਨੇ ਪਰਮਜੀਤ ਅੰਦਰ ਦੂਸਰਿਆਂ ਲਈ ਕੁਝ ਕਰ ਵਿਖਾਉਣ ਦਾ ਜਜ਼ਬਾ ,ਦੋਸਤਾਂ ਦੀ ਦੋਸਤ ,ਚੰਗਾ ਲਿਟਰੇਚਰ ਲਿਖਣ ਵਾਲੀ ਤੇ ਭਾਵੁਕ ਸ਼ਾਇਰਾ ਦੱਸਿਆ ।ਡਾਕਟਰ ਵੀਨਾ ਅਰੋੜਾ ਨੇ ਪਰਮਜੀਤ ਦਿਓਲ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਦੱਸਿਆ ਕਿ ਉਹ ਬੜੀ ਸਹਿਜਤਾ ਤੇ ਸੁਹਜਤਾ ਵਾਲੀ ਕਵਿੱਤਰੀ ਹੈ ਤੇ ਉਸਦੀ ਸਾਦਗੀ ਉਸ ਦੀ ਕਵਿਤਾ ਰਾਹੀਂ ਬਿਆਨ ਹੁੰਦੀ ਹੈ।ਡਾ .ਨਵਰੂਪ ਨੇ ਪਰਮਜੀਤ ਦਿਓਲ ਦੇ ਸਾਹਿਤਿਕ ਸਫਰ ਤੇ ਉਹਨਾਂ ਨੂੰ ਵਧਾਈ ਦਿੰਦਿਆਂ ਲਿਖਿਆ ਕਿ ਉਹ ਪੰਜਾਬੀ ਨਾਲ ਜੁੜੀ ਸ਼ਖਸੀਅਤ ਹੈ ਜਿਹੜੀ ਵਿਦੇਸ਼ ਵਿੱਚ ਰਹਿੰਦਿਆਂ ਵੀ ਪੰਜਾਬੀ ਪ੍ਰਤੀ ਯਤਨਸ਼ੀਲ ਹੈ ਤੇ ਉਹਨਾਂ ਨੇ ਇਧਰਲੇ ਪੰਜਾਬ ਤੇ ਕੈਨੇਡਾ ਵਿੱਚ ਪੰਜਾਬੀ ਦੀ ਸਥਿਤੀ ਬਾਰੇ ਗੱਲ ਕੀਤੀ। ਰਿੰਟੂ ਭਾਟੀਆ ਨੇ ਪਰਮਜੀਤ ਦਿਓਲ ਨਾਲ ਆਪਣੇ ਦੋਸਤੀ ਬਾਰੇ ਦੱਸਦਿਆਂ ਉਹਨਾਂ ਦੇ ਹਮ ਖਿਆਲ ਹੋਣ ਦੀ ਗੱਲ ਕੀਤੀ ਕਿ ਉਹਨਾਂ ਨੇ ਸਾਹਿਤਿਕ ਜੀਵਨ ਵਿੱਚ ਚੰਗਾ ਨਰੋਈ ਲਿਖਤ ਸਮਾਜ ਨੂੰ ਦਿੱਤੀ ਹੈ ਤੇ ਜਿੱਥੇ ਉਹ ਇੱਕ ਚੰਗੀ ਸਾਹਿਤਕਾਰਾ ਹੈ ਉਥੇ ਉਹ ਇੱਕ ਉਸਦੇ ਅੰਦਰ ਬਹੁਤ ਵਧੀਆ ਇਨਸਾਨ ਵੀ ਹੈ ।ਡਾਕਟਰ ਸਰਬਜੀਤ ਕੌਰ ਸੋਹਲ ਚੇਅਰ ਪਰਸਨ ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਨੇ ਸਮੁੱਚੇ ਪ੍ਰੋਗਰਾਮ ਬਾਰੇ ਆਪਣੇ ਪ੍ਰਭਾਵ ਵੀ ਦਿੱਤੇ ਤੇ ਨਾਲ ਹੀ ਪਰਮਜੀਤ ਕੌਰ ਦਿਓਲ ਦੀ ਸ਼ਾਇਰੀ ਤੇ ਉਹਨਾਂ ਦੀ ਅਦਾਕਾਰੀ ਨੂੰ ਨਾਰੀ ਅੰਦਰ ਉਤਸ਼ਾਹ ਵਧਾਉਣ ਵਾਲੀ ਦੱਸਿਆ ।ਉਹਨਾਂ ਨੇ ਕੈਨੇਡਾ ਦੀਆਂ ਸਾਹਿਤ ਸਭਾਵਾਂ ਦੀ ਪ੍ਰਸ਼ੰਸਾ ਕੀਤੀ ਕਿ ਜਿਹੜੀਆਂ ਉੱਥੇ ਬੈਠ ਕੇ ਵੀ ਪੰਜਾਬੀ ਭਾਸ਼ਾ ਦਾ ਜ਼ਿਕਰ ਤੇ ਫਿਕਰ ਕਰਦੀਆਂ ਹਨ । ਅਜਿਹੇ ਪ੍ਰੋਗਰਾਮ ਸਿਰਜਦੇ ਹਨ ਜਿਸ ਦੇ ਵਿੱਚ ਪੰਜਾਬੀ ਭਾਸ਼ਾ ਬਾਰੇ ਖੁੱਲ੍ਹ ਕੇ ਸੰਵਾਦ ਕੀਤਾ ਜਾਂਦਾ ਹੈ ।ਉਹਨਾਂ ਨੇ ਉਮੀਦ ਪ੍ਰਗਟ ਕੀਤੀ ਕਿ ਇਹ ਮੰਚ ਦੋਂਹਾਂ ਧਰਤੀਆਂ ਵਿੱਚ ਪੰਜਾਬੀ ਮਾਤਾ ਦੀ ਭਾਸ਼ਾ ਦੀ ਸਾਂਝ ਨੂੰ ਸਥਾਪਿਤ ਕਰਨ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ। ਪ੍ਰੋਗਰਾਮ ਦੇ ਅੰਤ ਵਿੱਚ ਚੀਫ ਐਡਵਾਈਜ਼ਰ ਸਰਦਾਰ ਪਿਆਰਾ ਸਿੰਘ ਕੁਦੋਵਾਲ ਨੇ ਸਮੁੱਚੇ ਪ੍ਰੋਗਰਾਮ ਬਾਰੇ ਆਪਣੇ ਪ੍ਰਭਾਵ ਦੱਸੇ ਤੇ ਨਾਲ ਹੀ ਪਰਮਜੀਤ ਦਿਓਲ ਜੀ ਦੀ ਸ਼ਾਇਰੀ ਬਾਰੇ ਗੱਲ ਕਰਦਿਆਂ ਉਹਨਾਂ ਨੇ ਮੁਲਵਾਨ ਟਿੱਪਣੀਆਂ ਕੀਤੀਆਂ । ਉਨ੍ਹਾਂ ਪਰਮਜੀਤ ਦੀ ਅਦਾਕਾਰੀ ਬਾਰੇ ਦੱਸਿਆ ਕਿ ਰੰਗ ਮੰਚ ਤੇ ਉਹ ਇੱਕ ਅਜਿਹੇ ਪਾਤਰ ਨੂੰ ਜਿਉਂਦੀ ਹੈ ਤੇ ਜਿਸ ਪਾਤਰ ਦਾ ਉਹ ਕਿਰਦਾਰ ਨਿਭਾ ਰਹੀ ਹੁੰਦੀ ਹੈ। ਉਸ ਦੇ ਅੰਦਰ ਸੰਵੇਦਨਾ ਅਤੇ ਸੂਖਮਤਾ ਹੈ ਜਿਸ ਕਰਕੇ ਉਹ ਇੱਕ ਵਧੀਆ ਕਵਿਤਰੀ ਹੋਣ ਦੇ ਨਾਲ ਨਾਲ ਇੱਕ ਵਧੀਆ ਅਦਾਕਾਰਾ ਵੀ ਹੈ। ਪਰਮਜੀਤਦਿਓਲ ਦੇ ਦਿਸ਼ਾ ਨਾਲ ਜੁੜੇ ਹੋਣ ਦੀ ਗੱਲ ਕੀਤੀ ਤੇ ਬਹੁਤ ਸਾਰੇ ਨਾਰੀ ਮਸਲਿਆਂ ਤੇ ਹੁੰਦੇ ਸੰਵਾਦ ਅਤੇ ਵਿਚਾਰ ਚਰਚਾ ਬਾਰੇ ਦੱਸਿਆ।ਇਸ ਸਮੁੱਚੇ ਪ੍ਰੋਗਰਾਮ ਵਿੱਚ ਪਾਠਕਾਂ ਨੂੰ ਬਹੁਤ ਟਟਕਡਾ . ਪੁਸ਼ਵਿੰਦਰ ਖੋਖਰ , ਪਰਮਜੀਤ ਢਿੱਲੋਂ , ਡਾ . ਅਮਰ ਜੋਤੀ ਮਾਂਗਟ , ਡਾ . ਸੁਰਿੰਦਰਜੀਤ ਕੌਰ , ਮਿਸਿਜ਼ ਹਰਭਜਨ ਗਿੱਲ , ਇੰਜ . ਜਗਦੀਪ ਮਾਂਗਟ , ਸ . ਹਰਦਿਆਲ ਸਿੰਘ ਝੀਤਾ , ਅਮ੍ਰਿਤਾ ਦਰਸ਼ਨ , ਗੁਰਚਰਨ ਸਿੰਘ ਜੋਗੀ , ਅੰਜਨਾ ਮੈਨਨ , ਪੋਲੀ ਬਰਾੜ , ਸਰਦਾਰ ਰਮਨਦੀਪ ਸਿੰਘ , ਵਤਨਵੀਰ ਸਿੰਘ , ਅਮਰ ਕੌਰ ਬੇਦੀ , ਜਸਵਿੰਦਰ ਸਿੰਘ ਝਬਾਲ , ਪਿਆਰਾ ਸਿੰਘ ਗਹਿਲੋਤੀ , ਭੁਪਿੰਦਰ ਕੌਰ ਵਾਲੀਆ ਤੇ ਹੋਰ ਬਹੁਤ ਅਦਬੀ ਸ਼ਖ਼ਸੀਅਤਾਂ ਨੇ ਇਸ ਅੰਤਰਰਾਸ਼ਟਰੀ ਸਿਰਜਨਾ ਦੇ ਆਰ ਪਾਰ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ । ਮੀਟਿੰਗ ਦੀ ਇਹ ਰਿਪੋਰਟ ਪ੍ਰੋ. ਕੁਲਜੀਤ ਕੌਰ ਨੇ ਰਮਿੰਦਰ ਰੰਮੀ ਨੂੰ ਸਾਂਝੀ ਕੀਤੀ । ਧੰਨਵਾਦ ਸਹਿਤ ।

## ਬਿਸਮਿਲ ਫਰੀਦਕੋਟੀ ਯਾਦਗਾਰੀ ਸਮਾਗਮ ਕਮੇਟੀ ਦੀ ਮੀਟਿੰਗ ਹੋਈ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ 25 ਦਸੰਬਰ : ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦਾ ਇੱਕ ਵਫ਼ਦ ਜਿਨ੍ਹਾਂ ਵਿੱਚ ਸਭਾ ਦੇ ਮੁੱਖ ਸਰਪ੍ਰਸਤ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ , ਸਭਾ ਦੇ ਪ੍ਰਧਾਨ ਕਰਨਲ ਬਲਬੀਰ ਸਿੰਘ ਸਰਾਂ, ਕੇਂਦਰੀ ਪੰਜਾਬੀ ਲੇਖਕ ਸਭਾ ਰਜ਼ਿ ਪੰਜਾਬ ( ਸੇਖੋਂ) ਦੇ ਮੀਤ ਪ੍ਰਧਾਨ ਉੱਘੇ ਲੇਖਕ/ ਗਾਇਕ ਇਕਬਾਲ ਘਾਰੂ, ਸਭਾ ਦੇ ਜਨਰਲ ਸਕੱਤਰ ਸੁਰਿੰਦਰ ਪਾਲ ਸ਼ਰਮਾ ਭਲੂਰ, ਕਹਾਣੀਕਾਰ ਇੰਜੀਨੀਅਰ ਦਰਸ਼ਨ ਰੋਮਾਣਾ, ਕਹਾਣੀਕਾਰ ਇੰਜੀਨੀਅਰ ਲਾਲ ਸਿੰਘ ਕਲਸੀ, ਵਤਨਵੀਰ ਜ਼ਖਮੀ, ਵਿੱਤ ਸਕੱਤਰ ਕ੍ਰਿਸ਼ਨ ਕੁਮਾਰ ਬਕੋਲੀਆ ਨੇ ਬਾਬਾ ਫ਼ਰੀਦ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨ ਸ੍ਰ. ਸਿਮਰਜੀਤ ਸਿੰਘ ਸੇਖੋਂ ( ਐਡਵੋਕੇਟ) ਸਪੁੱਤਰ ਸਵ: ਇੰਦਰਜੀਤ ਸਿੰਘ ਖ਼ਾਲਸਾ ( ਸੇਖੋਂ) ਨਾਲ ਉਨ੍ਹਾਂ ਦੇ ਗ੍ਰਹਿ ਨਰਾਇਣ ਨਗਰ ਭਾਨ ਸਿੰਘ ਕਲੋਨੀ ਫ਼ਿਰੋਜ਼ਪੁਰ ਰੋਡ ਵਿਖੇ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਬਿਸਮਿਲ ਫਰੀਦਕੋਟੀ ਯਾਦਗਾਰੀ ਸਮਾਗਮ ਕਰਵਾਉਣ ਬਾਰੇ ਚਾਨਣਾ ਪਾਇਆ ਅਤੇ ਉਨ੍ਹਾਂ ਨੂੰ ਇਸ ਸਮਾਗਮ ਲਈ ਬਾਬਾ ਫ਼ਰੀਦ ਪਬਲਿਕ ਸਕੂਲ ਫਰੀਦਕੋਟ ਵਿਖੇ ਕੋਈ ਹਾਲ ਮੁਹੱਈਆ ਕਰਨ ਲਈ ਬੇਨਤੀ ਕੀਤੀ। ਸ੍ਰ.ਸਿਮਰਜੀਤ ਸਿੰਘ ਸੇਖੋਂ ਨੇ ਸਭਾ ਦੀ ਇਸ ਕਾਰਗੁਜ਼ਾਰੀ ਤੇ ਖੁਸ਼ੀ ਪ੍ਰਗਟਾਉਂਦਿਆਂ ਸਭਾ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿਵਾਇਆ ਅਤੇ ਸਭਾ ਨੂੰ ਇਹ ਸਮਾਗਮ ਕਰਨ ਲਈ ਬਾਬਾ ਫ਼ਰੀਦ ਲਾਅ ਕਾਲਜ ਫ਼ਰੀਦਕੋਟ ਦੇ ਇੱਕ ਸ਼ਾਨਦਾਰ ਹਾਲ ਦੀ ਮਨਜ਼ੂਰੀ ਦਿੱਤੀ। ਸਭਾ ਦੇ ਵਫ਼ਦ ਨੇ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸੋ ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਵੱਲੋਂ ਬਿਸਮਿਲ ਫਰੀਦਕੋਟੀ ਯਾਦਗਾਰੀ ਸਮਾਗਮ ਮਿਤੀ 2 ਫਰਵਰੀ 2025 ਨੂੰ ਬਾਬਾ ਫ਼ਰੀਦ ਲਾਅ ਕਾਲਜ ਫ਼ਰੀਦਕੋਟ ਸਾਹਮਣੇ ਢਿੱਲੋ ਪੈਟਰੋਲ ਪੰਪ ਕੋਟਕਪੂਰਾ ਰੋਡ ਫ਼ਰੀਦਕੋਟ ਵਿਖੇ ਕੀਤਾ ਜਾਵੇਗਾ ਅਤੇ ਬਿਸਮਿਲ ਫ਼ਰੀਦਕੋਟੀ ਯਾਦਗਾਰੀ ਐਵਾਰਡ 2024 ਪ੍ਰਸਿੱਧ ਲੋਕ ਕਵੀ ਗੁਰਦਾਸਰੀਣ ਕੋਟਕਪੂਰਵੀ ਨੂੰ ਦਿੱਤਾ ਜਾਵੇਗਾ।

## ਐਸ.ਸੀ /ਬੀ.ਸੀ ਅਧਿਆਪਕ ਯੂਨੀਅਨ ਪੰਜਾਬ ਵੱਲੋਂ ਸੂਬਾਈ ਕਨਵੈਂਸ਼ਨ ਦਾ ਲੁਧਿਆਣਾ ਵਿਖੇ ਆਯੋਜਨ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 25 ਦਸੰਬਰ : ਅਨੁਸੂਚਿਤ ਅਤੇ ਪਛੜੀਆਂ ਜਾਤੀ ਨਾਲ ਸੰਬੰਧਿਤ ਅਧਿਆਪਕਾਂ ਦੇ ਹਿਤਾਂ ਦੀ ਪੈਰਵਾਈ ਕਰਨ ਵਾਲੀ ਅਧਿਆਪਕ ਜਥੇਬੰਦੀ ਐਸ.ਸੀ/ ਬੀ.ਸੀ ਅਧਿਆਪਕ ਯੂਨੀਅਨ ਵੱਲੋਂ ਸੂਬਾਈ ਕਨਵੈਂਸ਼ਨ ਦਾ ਆਯੋਜਨ ਪੰਜਾਬੀ ਭਵਨ ਲੁਧਿਆਣਾ ਵਿਖੇ ਕੀਤਾ ਗਿਆ । ਇਸ ਕਨਵੈਂਸ਼ਨ ਵਿੱਚ ਵਿਸ਼ੇਸ਼ ਤੌਰ ਤੇ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ, ਸੂਬਾ ਮੀਤ ਪ੍ਰਧਾਨ ਪਰਵਿੰਦਰ ਭਾਰਤੀ , ਕਾਰਜਕਾਰੀ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾਂ, ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ ਵਿਸ਼ੇਸ਼ ਤੌਰ ਤੇ ਪੁੱਜੇ । ਜ਼ਿਲਾ ਪ੍ਰਧਾਨ ਬਲਵਿੰਦਰ ਸਿੰਘ ਲਤਾਲਾ ਨੇ ਵੱਖ ਵੱਖ ਬਲਾਕਾਂ ਦੇ ਪ੍ਰਧਾਨਾਂ ਸਹਿਤ ਸੂਬਾ ਕਮੇਟੀ ਦੇ ਅਹੁਦੇਦਾਰਾਂ ਦਾ ਸਵਾਗਤ ਕੀਤਾ ।ਇਸ ਕਨਵੈਂਸ਼ਨ ਵਿੱਚ ਮੁੱਖ ਤੌਰ ਤੇ ਨਵੀਂ ਸਿੱਖਿਆ ਨੀਤੀ 2020,ਜੰਜੂਆ ਜਜਮੈਂਟ ਦੇ ਵੱਖ-ਵੱਖ ਫੈਸਲੇ ,ਰਾਖਵਾਂਕਰਨ ਅਤੇ ਵੱਖ-ਵੱਖ ਰੋਸਟਰ ਨੁਕਤੇ ਅਤੇ ਪੁਰਾਣੀ ਪੈਨਸ਼ਨ ਬਹਾਲੀ ਬਾਰੇ ਜਥੇਬੰਦੀ ਦੇ ਬੁਲਾਰਿਆਂ ਨੇ ਵਿਸਥਾਰਤ ਰੂਪ ਵਿੱਚ ਚਰਚਾ ਕੀਤੀ ਅਤੇ ਇਕੱਤਰ ਹੋਏ ਅਧਿਆਪਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕੀਤਾ ।




ਜ਼ਿਲਾ ਪ੍ਰਧਾਨ ਬਲਵਿੰਦਰ ਸਿੰਘ ਲਤਾਲਾ ਨੇ ਪਿਛਲੇ ਦਿਨੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਦਿੱਤੇ ਡਾਕਟਰ ਭੀਮ ਰਾਓ ਅੰਬੇਡਕਰ ਸਬੰਧੀ ਬਿਆਨਾਂ ਦੀ ਪੁਰਜ਼ੋਰ ਨਿੰਦਿਆ ਕੀਤੀ ਅਤੇ ਆਖਿਆ ਕਿ ਸੰਵਿਧਾਨ ਨਿਰਮਾਤਾ ਅਤੇ ਨਿਮਨ ਵਰਗਾਂ ਦੇ ਮੁਕਤੀ ਦਾਤਾ ਡਾਕਟਰ ਭੀਮ ਰਾਓ ਅੰਬੇਡਕਰ ਸਬੰਧੀ ਅਜਿਹੀ ਸ਼ਬਦਾਵਲੀ ਰਾਹੀਂ ਮੌਜੂਦਾ ਕੇਂਦਰ ਸਰਕਾਰ ਦੀ ਪਛੜਿਆ ਅਤੇ ਨਿਮਨ ਵਰਗਾਂ ਦੇ ਲੋਕਾਂ ਪ੍ਰਤੀ ਮਾਨਸਿਕਤਾ ਜਗ ਜਾਹਰ ਹੁੰਦੀ ਹੈ।

ਸੂਬਾ ਮੀਤ ਪ੍ਰਧਾਨ ਪਰਵਿੰਦਰ ਭਾਰਤੀ ਨੇ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਤੇ ਪਛੜੀਆਂ ਸ਼੍ਰੇਣੀਆਂ ਦੇ ਅਧਿਆਪਕਾਂ ਦੀਆਂ ਬਤੌਰ ਲੈਕਚਰਾਰ ਤਰੱਕੀਆਂ ਵਿੱਚ ਰੋਸਟਰ ਨੁਕਤਿਆਂ ਨੂੰ ਨਜ਼ਰ ਅੰਦਾਜ਼ ਕਰਨ ਦੀ ਗੱਲ ਆਖੀ। ਇਸ ਕਨਵੈਂਸ਼ਨ ਵਿੱਚ ਵੱਖ ਵੱਖ ਕੇਡਰਾਂ ਵਿੱਚ ਪਦ ਉਨਤ ਹੋਏ ਅਧਿਆਪਕਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ।

ਬਹੁ ਗਿਣਤੀ ਵਿੱਚ ਹਾਜ਼ਰ ਹੋਏ ਅਧਿਆਪਕਾਂ ਦੀ ਮੌਜੂਦਗੀ ਸਦਕਾ ਕਨਵੈਂਸ਼ਨ ਸਫਲਤਾਪੂਰਵਕ ਸੰਪੰਨ ਹੋਈ ਇਸ ਮੌਕੇ ਤੇ ਪ੍ਰਿੰਸੀਪਲ ਅਮਨਦੀਪ ਸਿੰਘ,ਲੈਕਚਰਾਰ ਰਣਜੀਤ ਸਿੰਘ ਹਠੂਰ ,ਲੈਕ: ਮਨੋਹਰ ਸਿੰਘ ਦਾਖਾ, ਲੈਕ: ਦਰਸ਼ਨ ਸਿੰਘ ਡਾਂਗੋ,ਲੈਕਚਰਾਰ ਗੁਰਜੈਪਾਲ ਸਿੰਘ,ਸਾਬਕਾ ਜਿਲਾ ਪ੍ਰਧਾਨ ਮਾਸਟਰ ਭੁਪਿੰਦਰ ਸਿੰਘ ਚੰਗਣਾ,ਮਾਸਟਰ ਸਤਨਾਮ ਸਿੰਘ ਜਗਰਾਓ, ਮਾਸਟਰ ਬਲਦੇਵ ਸਿੰਘ ਮੁੱਲਾਪੁਰ, ਮਾਸਟਰ ਬਿਆਸ ਲਾਲ, ਮਾਸਟਰ ਬੇਅੰਤ ਸਿੰਘ ਤੋਂ ਇਲਾਵਾ ਸੈਂਕੜੇ ਅਧਿਆਪਕ ਹਾਜ਼ਰ ਸਨ|

## ਸਰਕਾਰ ਤੋਂ ਮਾਨਤਾ ਪ੍ਰਾਪਤ ਸਾਹਿਤ ਅਕਾਦਮੀ ਵੱਲੋਂ ਸ਼ਾਇਰ ਸੂਦ ਵਿਰਕ ਨੂੰ ਕਵੀ ਦਰਬਾਰ ਦੇ ਸੰਚਾਲਨ ਲਈ ਅਵਾਰਡ ਆਫ ਐਕਸੀਲੈਂਸ ਪ੍ਰਦਾਨ ਕੀਤਾ ਗਿਆ

ਵਰਲਡ ਪੰਜਾਬੀ ਟਾਈਮਜ਼

ਰਾਜਸਥਾਨ 25 ਦਸੰਬਰ : ਸਰਕਾਰ ਤੋਂ ਮਾਨਤਾ ਪ੍ਰਾਪਤ ਪੁਰਾਤਨਤਾ ਤੋਂ ਨਵੀਨਤਾ ਵੱਲ ਵੱਧਦੇ ਹੋਏ ਸਾਹਿਤਕ ਅਤੇ ਪ੍ਰਕਾਸ਼ਨ ਮੰਚ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋ ਮਿਤੀ 22 ਦਸੰਬਰ ਦਿਨ ਐਤਵਾਰ ਵੱਲੋ ਕਰਵਾਏ ਗਏ ਆਨਲਾਈਨ ਲਾਈਵ ਕਵੀ ਦਰਬਾਰ ਦਾ ਪੰਜਾਬੀ ਸ਼ਾਇਰ ਮਹਿੰਦਰ ਸੂਦ ਵਿਰਕ ਵੱਲੋਂ ਵਧੀਆ ਸੰਚਾਲਨ ਕਰਨ ਦੇ ਲਈ ਸੂਦ ਵਿਰਕ ਨੂੰ ਅਵਾਰਡ ਆਫ ਐਕਸੀਲੈਂਸ ਦੇ ਨਾਲ ਵਿਸ਼ੇਸ਼ ਸਨਮਾਨ ਪੱਤਰ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਇਸ ਕਵੀ ਦਰਬਾਰ ਵਿੱਚ ਪੰਜਾਬੀ ਕਵੀ ਮੂਲ ਚੰਦ ਸ਼ਰਮਾ, ਪਰਜਿੰਦਰ ਕੌਰ ਕਲੇਰ, ਰਾਜਵੀਰ ਸਿੰਘ ਫਾਜ਼ਿਲਕਾ, ਬਲਵੰਤ ਸਿੰਘ ਵਿਰਕ ਅਤੇ ਜਗਤਾਰ ਨਿਮਾਣਾ ਪਟਿਆਲਾ ਸ਼ਾਮਿਲ ਹੋਏ।




ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਦੇ ਸੰਸਥਾਪਕ ਮਾਨ ਸਿੰਘ ਸੁਥਾਰ ਅਤੇ ਪੰਜਾਬੀ ਕਵੀ ਦਰਬਾਰ ਦੇ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਨੇ ਕਿਹਾ ਕਿ ਪ੍ਰੋਗਰਾਮ ਮਾਨਸਰੋਵਰ ਪੰਜਾਬੀ ਸਾਹਿਤ ਅਕਾਦਮੀ ਮੰਚ ਵਿਖੇ ਕਰਵਾਏ ਗਏ ਆਨਲਾਈਨ ਲਾਈਵ ਕਵੀ ਦਰਬਾਰ ਵਿੱਚ ਪੰਜਾਬੀ ਸ਼ਾਇਰ ਮਹਿੰਦਰ ਸੂਦ ਵਿਰਕ ਦੀ ਭਰਵੀਂ ਹਾਜ਼ਰੀ ਦੇਖ ਮੰਚ ਬਹੁਤ ਪ੍ਰਭਾਵਿਤ ਹੋਇਆ। ਸੂਦ ਵਿਰਕ ਨੂੰ ਸਨਮਾਨਿਤ ਕਰਦੇ ਹੋਏ ਮੰਚ ਮਾਣ ਮਹਿਸੂਸ ਕਰਦਾ ਹੈ ਅਤੇ ਤੁਹਾਡੇ ਉੱਜਵਲ ਭਵਿੱਖ ਅਤੇ ਸਫ਼ਲ ਸਾਹਿਤਕ ਸਫ਼ਰ ਦੀ ਕਾਮਨਾ ਕਰਦੇ ਹੋਏ ਤੁਹਾਨੂੰ ਬਹੁਤ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦਾ ਹੈ । ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਬਖਸ਼ੇ ਗਏ ਇੰਨੇ ਮਾਣ ਸਤਿਕਾਰ ਦੇ ਲਈ ਪੰਜਾਬੀ ਸ਼ਾਇਰ ਮਹਿੰਦਰ ਸੂਦ ਵਿਰਕ ਨੇ ਇਸ ਸਾਹਿਤ ਅਕਾਦਮੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਵਿਸ਼ੇਸ਼ ਤੌਰ ਤੇ ਸਾਹਿਤ ਅਕਾਦਮੀ ਦੇ ਸੰਸਥਾਪਕ ਮਾਨ ਸਿੰਘ ਸੁਥਾਰ ਅਤੇ ਪੰਜਾਬੀ ਕਵੀ ਦਰਬਾਰ ਦੇ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਵਿਸ਼ੇਸ਼ ਧੰਨਵਾਦ ਕਰਦਾ ਹਾਂ। ਅੱਗੇ ਗੱਲ ਕਰਦਿਆਂ ਸੂਦ ਵਿਰਕ ਨੇ ਕਿਹਾ ਮੈਨੂੰ ਪੂਰੀ ਆਸ ਹੈ ਕਿ ਇਹ ਸਾਹਿਤ ਅਕਾਦਮੀ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਪ੍ਰਸਾਰ ਲਈ ਹੋਰ ਵੀ ਪ੍ਰੋਗਰਾਮ ਉਲੀਕਦੀ ਰਹੇਗੀ।

## ਪ੍ਰਭੂ ਯਿਸੂ ਮਸੀਹ ਧਰਤੀ ਤੇ ਦੁੱਖ ਦਰਦ ਵਡਾਉਣ ਤੇ ਦੁੱਖਾਂ ਤੋ ਛੁਟਕਾਰਾ ਦਿਵਾਉਣ ਆਏ :- ਫਾਦਰ ਬੈਨੀ

ਵਰਲਡ ਪੰਜਾਬੀ ਟਾਈਮਜ਼



ਫ਼ਰੀਦਕੋਟ 25 ਦਸੰਬਰ : ਅੱਜ ਸੇਂਟ ਮੈਰੀਜ ਕੈਥੋਲਿਕ ਚਰਚ ਫ਼ਰੀਦਕੋਟ ਵਿਖੇ ਕ੍ਰਿਸਮਸ ਦਾ ਤਿਉਹਾਰ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮੇ ਸੰਗਤਾਂ ਨਾਲ ਖੁਦਾ ਦਾ ਵਚਨ ਸਾਝਾਂ ਕਰਦਿਆ ਫਾਦਰ ਬੈਨੀ ਜੀ ਕਿਹਾ ਪ੍ਰਭੂ ਯਿਸੂ ਮਸੀਹ ਧਰਤੀ ਤੇ ਦੀਨ ਦੁਖੀਆ ਦਾ ਦਰਦ ਵਡਾਉਣ ਤੇ ਦੁੱਖਾਂ ਤੋ ਛੁਟਕਾਰਾ ਦਿਵਾਉਣ ਲਈ ਆਏ। ਓਨਾ ਆਪਣਾ ਸਾਰਾ ਸਮਾਂ ਖੁਦਾ ਦਾ ਸੰਦੇਸ਼ ਦੇਣ ਤੇ ਪ੍ਰਭੂ ਭਗਤੀ ਵਿਚ ਲਗਾਇਆ,ਅਖੀਰ ਵਿਚ ਬੋਲਦਿਆਂ ਪੂਰੀ ਸੰਗਤ ਨੂੰ ਕ੍ਰਿਸਮਸ ਦੀਆਂ ਵਧਾਈਆਂ ਦਿੱਤੀਆਂ ਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਕਿਹਾ।ਓਨਾ ਪੂਰੀ ਸੰਗਤ ਦਾ ਧੰਨਵਾਦ ਕੀਤਾ ਜਿੰਨਾ ਕ੍ਰਿਸਮਸ ਦਾ ਤਿਉਹਾਰ ਮਨਾਉਣ ਵਿਚ ਆਪਣਾ ਯੋਗਦਾਨ ਪਾਇਆ।
ਇਸ ਸਮੇ ਫਾਦਰ ਸਿਲਵੀਨੋਜ, ਫਾਦਰ ਦੀਪਕ, ਬਾਬੂ ਅਨਿਲ ਮਸੀਹ ਭੱਟੀ, ਸਿਸਟਰ ਸੋਨਟ, ਸਿਸਟਰ ਅਨੁਮਰੀਆਂ,ਸਿਸਟਰ ਐਸੀਮਰੀਆਂ ਤੇ ਯੂਥ ਵਿੰਗ ਦੇ ਪ੍ਰਧਾਨ ਬਲਵੀਰ ਮਸੀਹ,ਹਰਜਿੰਦਰ ਲਾਲ, ਗੁਰਟੇਕ ਸਿੰਘ, ਵਿਜੈ ਕੁਮਾਰ, ਮੋਹਨ ਪੱਪੂ,ਜਸਦੇਵ ਪਾਲ,ਅਜੀਤ ਮਸੀਹ,ਡੇਵਿਡ ਤੇਜਾ,ਗਗਨ ਮਚਾਕੀ,ਅਮਰੀਕ ਸਿੰਘ, ਗੁਰਮੀਤ ਗੋਗਾ,ਕ੍ਰਿਸ਼ਨ, ਸ਼ਨੀ,ਮਹਿੰਦਰ ਮਸੀਹ,ਲਵਜੀਤ,ਕਾਲਾ ਮਸੀਹ,ਰਕੇਸ਼ ਤੇਜਾ,ਸੁਖਬੀਰ ਸਿੰਘ, ਸੈਮਪਰੀਤ ਅਤੇ ਮਰੀਅਮ ਸੈਨਾ ਦੀ ਪ੍ਰਧਾਨ ਬਲਡੀਨਾ ਤੇਜਾ,ਕਰਮਜੀਤ ਕੌਰ, ਆਸਾ,ਮਮਤਾ,ਊਸ਼ਾ, ਅਰੂਨਾ ਗੋਗਾ,ਅਲਬੇਤਾ ਗਿੱਲ,ਕਾਜਲ, ਅਮਨਪ੍ਰੀਤ,ਕੁਲਦੀਪ, ਅਰੂਨਾਰਾਣੀ, ਬਿੰਦੂ,ਬਿੰਦਰ,ਰਾਜਵਿੰਦਰ,ਕੈਥਰੀਨ,ਵੀਰਪਾਲ ਆਦਿ ਹਾਜ਼ਰ ਸਨ।

## ਚਮਕੌਰ ਸਾਹਿਬ ਦੀ ਜੰਗ ਦੀ ਆਖ਼ਰੀ ਸ਼ਹੀਦ ਬੀਬੀ ਸ਼ਰਨ ਕੌਰ ਜੀ ਦੇ ਜਜ਼ਬੇ ਨੂੰ ਸਲਾਮ




ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

ਸਿੱਖ ਇਤਿਹਾਸ ਦੀ ਜੇ ਗੱਲ ਕਰੀਏ ਤਾਂ ਇਸ ਦਾ ਇਤਿਹਾਸ ਕੁਰਬਾਨੀਆਂ ਨਾਲ਼ ਭਰਿਆ ਪਿਆ ਹੈ।ਜਿਸ ਦੇ ਜ਼ਰੇ ਜ਼ਰੇ ਨੂੰ ਸੂਰਬੀਰ, ਯੋਧਿਆਂ, ਬਹਾਦਰਾਂ ਨੇ ਆਪਣੇ ਖੂਨ ਨਾਲ ਸਿੰਜਿਆ ਹੈ। ਉੱਥੇ ਹੀ ਸਿੱਖ ਇਤਿਹਾਸ ਦੇ ਪੰਨਿਆਂ ਵਿੱਚ ਬੀਬੀਆਂ ਦੇ ਯੋਗਦਾਨ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਅਨੇਕਾਂ ਹੀ ਮਿਸਾਲਾਂ ਹਨ ਜਿਵੇਂ ਮਾਤਾ ਗੁਜਰੀ ਜੀ, ਮਾਤਾ ਸੁੰਦਰੀ,ਮਾਈ ਭਾਗੋ ਇਨ੍ਹਾਂ ਵਿੱਚੋਂ ਬੀਬੀ ਸ਼ਰਨ ਕੌਰ ਰਾਏਪੁਰ ਰਾਣੀ ਦੀ ਰਹਿਣ ਵਾਲੀ ਜਿਸ ਨੂੰ ਇਤਿਹਾਸਕਾਰਾਂ ਨੇ ਬੀਬੀ ਹਰਸ਼ਰਨ ਕੌਰ, ਸ਼ਰਨ ਕੌਰ , ਸ਼ਰਨ ਕੌਰ ਪਾਬਲਾ ਆਦਿਕ ਨਾਂ ਦਿੱਤੇ ਹਨ। ਬੀਬੀ ਸ਼ਰਨ ਕੌਰ ਸਿੱਖ ਇਤਿਹਾਸ ਦੀ ਇੱਕ ਮਹਾਨ ਸ਼ਖ਼ਸੀਅਤ ਸੀ। ਜਿਸ ਨੇ 1705 ਈ. ਨੂੰ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਗੁਰੂ ਜੀ ਦੇ ਪੰਜ ਪਿਆਰਿਆਂ ਵਿੱਚੋਂ ਸ਼੍ਰੋਮਣੀ ਜਰਨੈਲ ਬਾਬਾ ਸੰਗਤ ਸਿੰਘ ਜੀ, ਅਤੇ ਹੋਰ ਸ਼ਹੀਦ ਸਿੰਘਾਂ ਦੇ ਪਵਿੱਤਰ ਸਰੀਰਾਂ ਨੂੰ ਰਾਤ ਹਨੇਰੇ ਵਿੱਚ ਲੱਖਾਂ ਲਾਸ਼ਾਂ ਵਿੱਚੋਂ ਲੱਭ ਕੇ ਬੜੀ ਦਲੇਰੀ ਨਾਲ ਅੰਤਿਮ ਸੰਸਕਾਰ ਕੀਤਾ।ਰਾਤ ਦੇ ਹਨੇਰੇ ਵਿੱਚ ਅੱਗ ਦਾ ਭਾਂਬੜ ਵੇਖ ਕੇ ਦੁਸ਼ਮਣ ਅੱਭੜਵਾਹੇ ਉੱਠ ਕੇ ਅੱਗੇ ਵਧਣ ਲੱਗੇ ਤਾਂ ਬੀਬੀ ਸ਼ਰਨ ਕੌਰ ਨੇ ਆਪਣੀ ਤੇਗ਼ ਖਿੱਚ ਲਈ ਅਤੇ ਚਿਖ਼ਾ ਦੀ ਰੱਖਿਆ ਕਰਨ ਲੱਗੀ।ਪੰਜ -ਸੱਤ ਵੈਰੀਆਂ ਨੂੰ ਝਟਕਾ ਦਿੱਤਾ। ਬਲ਼ਦੀ ਚਿਖ਼ਾ ਦੇ ਨੇੜੇ ਨਾ ਫਟਕਣ ਦਿੱਤਾ। ਪਰ ਦੁਸ਼ਮਣ ਗਿਣਤੀ ਵਿੱਚ ਜ਼ਿਆਦਾ ਹੋਣ ਕਾਰਨ ਉਸ ਤੇ ਭਾਰੂ ਪੈ ਗਏ। ਜ਼ਖ਼ਮੀ ਹੋਈ ਬੀਬੀ ਨੂੰ ਜਿਉਂਦਿਆਂ ਹੀ ਬਲ਼ਦੀ ਚਿਖ਼ਾ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ। ਬੀਬੀ ਸ਼ਰਨ ਕੌਰ ਨੂੰ ਅੱਜ ਵੀ ਸਿੱਖ ਸੰਗਤਾਂ ਵੱਲੋਂ ਬੜੇ ਅਦਬ, ਸਤਿਕਾਰ ਤੇ ਮਾਣ ਨਾਲ਼ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੀ ਸ਼ਹਾਦਤ ਨੂੰ ਸਮਰਪਿਤ ਗੁਰਦੁਆਰੇ ਤੇ ਯਾਦਗਾਰਾਂ ਤੇ ਸੰਗਤਾਂ ਨਤਮਸਤਕ ਹੁੰਦੀਆਂ ਹਨ। ਚਮਕੌਰ ਦੀ ਗੜ੍ਹੀ ਦੀ ਅੰਤਿਮ ਸ਼ਹੀਦ ਬੀਬੀ ਸ਼ਰਨ ਕੌਰ ਦੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾ

## ਝੁਕੇ ਨਾ ਝੁਕਾਏ ( ਸਫ਼ਰ-ਏ-ਸ਼ਹਾਦਤ )




ਬੁਰਜ 'ਚ ਕੈਦ ਢਿੱਡੋ ਭੁੱਖੇ ਰੂਹੋਂ ਰੱਜੇ ਸੀ।
ਉਮਰਾਂ ਸੀ ਛੋਟੀਆਂ ਇਰਾਦੇ ਬੜੇ ਵੱਡੇ ਸੀ।

ਦਾਦੀ ਦੀ ਸੀ ਗੋਦ,ਕਮਾਲ ਸੁੱਚੇ ਪਾਣੀ ਦਾ,
ਝੁਕੇ ਨਾ ਝੁਕਾਏ ਸਭ ਆਸਰਾ ਸੀ ਬਾਣੀ ਦਾ।

ਖੇਡਣ ਦੀਆਂ ਉਮਰਾਂ 'ਚ ਅਨੋਖੇ ਖੇਲ ਖੇਡਗੇ।
ਹਕੂਮਤ ਹੈਰਾਨ ਹੋਈ ਗੱਲ ਫ਼ਤਹਿ 'ਚ ਨਬੇੜਗੇ।

ਸਕਿਆ ਨਾ ਮੋਹ ਉਹਨਾਂ ਮੋਹ ਮਾਇਆ ਰਾਣੀ ਦਾ,
ਝੁਕੇ ਨਾ ਝੁਕਾਏ ਸਭ ਆਸਾਰਾ ਸੀ ਬਾਣੀ ਦਾ।

ਔਰੰਗੇ ਦੀ ਔਕਾਤ ਸੀ ਜੋ ਕਹਿਰ ਕਮਾ ਗਿਆ।
ਭਰੇ ਦਰਬਾਰ ਵਿੱਚ ਉਹ ਹੁਕਮ ਸੁਣਾ ਗਿਆ।

ਸ਼ੁਰੂ ਕਰੋ ਛੇਤੀ ਕੰਮ ਨੀਹਾਂ 'ਚ ਚਿਣਾਈ ਦਾ,
ਝੁਕੇ ਨਾ ਝੁਕਾਏ ਸਭ ਆਸਾਰਾ ਸੀ ਬਾਣੀ ਦਾ।

ਸੁਖਚੈਨ ਸਿੰਹਾਂ ਗੁੜ੍ਹਤੀ 'ਚ ਜਿੱਥੇ ਮਿਲੀਆਂ ਬਗਾਵਤਾਂ।
ਸਿੱਖੀ ਦੀ ਕਮਾਈ ਉੱਥੇ ਹੋਣ ਅੰਤ ਨੂੰ ਸ਼ਹਾਦਤਾਂ।

ਮੌਤ ਤੇ ਜੈਕਾਰੇ ਲਾਕੇ ਕਹਿਗੇ ਇੰਝ ਜ਼ਿੰਦਗੀ ਨੂੰ ਮਾਣੀ ਦਾ,
ਝੁਕੇ ਨਾ ਝੁਕਾਏ ਸਭ ਆਸਾਰਾ ਸੀ ਬਾਣੀ ਦਾ।

ਵਰਲਡ ਪੰਜਾਬੀ ਟਾਈਮਜ਼
ਸੁਖਚੈਨ ਸਿੰਘ ਕੁਰੜ

## ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਦੀ ਯਾਦ 'ਚ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ

ਵਰਲਡ ਪੰਜਾਬੀ ਟਾਈਮਜ਼
ਜਗਮੋਹਨ ਸ਼ਾਹ ਰਾਏਸਰ

ਮਹਿਲ ਕਲਾਂ, 25 ਦਸੰਬਰ: ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਜੀ, ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਨੂੰ ਕੈਦ ਸਮੇਂ ਦੁੱਧ ਪਿਆਉਣ ਦੀ ਸੇਵਾ ਨਿਭਾਅ ਕੇ ਮੁਗਲ ਹਕੂਮਤ ਦੇ ਜਬਰ ਦੌਰਾਨ ਪਰਿਵਾਰ ਸਮੇਤ ਸ਼ਹਾਦਤ ਦਾ ਜਾਪ ਪੀ ਗਏ। ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ ਵਿਸ਼ਾਲ ਧਾਰਮਿਕ ਸਮਾਗਮ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਮਹਿਲ



ਕਲਾਂ ਵਿਖੇ ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਵੱਲੋਂ ਗ੍ਰਾਮ ਪੰਚਾਇਤਾਂ, ਅਤੇ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਉਪਰੰਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਕਾਲਾਮਾਲਾ ਸਾਹਿਬ ਛਾਪਾ ਦੇ ਕੀਰਤਨੀ ਜਥੇ ਨੇ ਕੀਰਤਨ ਦੁਆਰਾ ਮਹਾਨ ਸ਼ਹੀਦਾਂ ਦੀ ਸ਼ਹਾਦਤ ਨੂੰ ਸਿੱਜਦਾ ਕੀਤਾ। ਵਿਦਿਆਲਾ ਇੰਚਾਰਜ ਭਾਈ ਬਲਵੰਤ ਸਿੰਘ ਮਹੇਰਨਾ, ਸੀਨੀ: ਕਾਂਗਰਸੀ ਆਗੂ ਗੁਰਮੇਲ ਸਿੰਘ ਮੌੜ ਨੇ ਪ੍ਰਬੰਧਕਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਯਾਦਗਰੀ ਸਮਾਗਮ ਪਿੰਡ ਪਿੰਡ ਕਰਵਾ ਕੇ ਮਹਾਨ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਬਾਰੇ ਨਵੀਂ ਪਨੀਰੀ ਨੂੰ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ ਹੈ । ਪ੍ਰੈਸ ਕਲੱਬ ਰਜਿ: ਮਹਿਲ ਕਲਾਂ ਦੇ ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ ਨੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਦੀ ਸ਼ਹਾਦਤ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਦਿੰਦਿਆ ਗੁਰੂਸਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਸਮਾਜਿਕ ਅਲਾਮਤਾਂ ਖਿਲਾਫ਼ ਇਕਜੁੱਟ ਹੋਣ ਦਾ ਸੱਦਾ ਦਿਤਾ। ਗੁਰਦੁਆਰਾ ਸਾਹਿਬ ਕਮੇਟੀ ਦੇ ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ ਨੇ ਪ੍ਰੈੱਸ ਕਲੱਬ ਮਹਿਲ ਕਲਾਂ ਵਲੋਂ ਪਿਛਲੇ ਲੰਬੇ ਸਮੇਂ ਤੋਂ ਨਿਰੰਤਰ ਖੂਨਦਾਨ, ਮੈਡੀਕਲ ਜਾਂਚ ਕੈਂਪ ਲਗਾਉਣ ਦੇ ਨਾਲ-ਨਾਲ ਮਹਾਨ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ਾਲ ਧਾਰਮਿਕ ਸਮਾਗਮ ਕਰਵਾਏ ਜਾਣ ਦੀ ਸ਼ਲਾਘਾ ਕਰਦਿਆ ਸਹਿਯੋਗ ਲਈ ਸਾਰਿਆਂ ਦਾ ਧੰਨਵਾਦ ਕੀਤਾ। ਪ੍ਰਬੰਧਕਾਂ ਅਵਤਾਰ ਸਿੰਘ ਅਣਖੀ, ਬਲਜਿੰਦਰ ਸਿੰਘ ਢਿੱਲੋਂ, ਬਲਵਿੰਦਰ ਸਿੰਘ ਵਜੀਦਕੇ, ਮੇਘ ਰਾਜ ਜੋਸ਼ੀ, ਜਗਮੋਹਣ ਸ਼ਾਹ ਰਾਏਸਰ, ਜਗਸੀਰ ਸਿੰਘ ਧਾਲੀਵਾਲ, ਪ੍ਰਦੀਪ ਸਿੰਘ ਲੋਹਗੜ੍ਹ ਆਦਿ ਦੀ ਅਗਵਾਈ ਹੇਠ ਧਰਮ ਪ੍ਰਚਾਰ, ਸਮਾਜ ਸੇਵੀ ਕਾਰਜਾਂ 'ਚ ਵੱਡਮੁੱਲਾ ਯੋਗਦਾਨ ਪਾਉਣ ਬਦਲੇ ਪ੍ਰਧਾਨ ਸ਼ੇਰ ਸਿੰਘ ਖ਼ਾਲਸਾ, ਪ੍ਰਸਿੱਧ ਰਾਗੀ ਭਾਈ ਜਗਸੀਰ ਸਿੰਘ ਮਹਿਲ ਕਲਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡੀ ਐਸ ਪੀ ਮਹਿਲ ਕਲਾਂ ਸੁਬੇਗ ਸਿੰਘ, ਸਾਬਕਾ ਚੇਅਰਮੈਨ ਅਜੀਤ ਸਿੰਘ ਕੁਤਬਾ, ਸਰਪੰਚ ਸਰਬਜੀਤ ਸਿੰਘ ਸੰਭੂ, ਬਲਦੇਵ ਸਿੰਘ ਗਾਗੇਵਾਲ, ਡਾ: ਅਮਰਜੀਤ ਸਿੰਘ, ਪ੍ਰੋਫੈਸਰ ਗੁਰਜੰਟ ਸਿੰਘ ਛੀਨੀਵਾਲ, ਮੀਰੀ ਪੀਰੀ ਸੇਵਾ ਲਹਿਰ ਦੇ ਪ੍ਰਧਾਨ ਸਵਰਨ ਸਿੰਘ ਖ਼ਾਲਸਾ, ਮੰਗਤ ਸਿੰਘ ਸਿੱਧੂ, ਮੇਜਰ ਸਿੰਘ ਕਲੇਰ, ਗਿਆਨੀ ਸਤਨਾਮ ਸਿੰਘ, ਸੁਰਿੰਦਰ ਸਿੰਘ ਕੈਨੇਡੀਅਨ, ਜਸਵੰਤ ਸਿੰਘ ਲਾਲੀ, ਪ੍ਰੇਮ ਕੁਮਾਰ ਪਾਸੀ, ਗੁਰਸੇਵਕ ਸਿੰਘ ਸਹੋਤਾ, ਭਾਈ ਚਮਕੌਰ ਸਿੰਘ ਗਰੰਥੀ, ਬੰਤ ਸਿੰਘ ਕੁਤਬਾ, ਭਾਈ ਲਖਵੀਰ ਸਿੰਘ ਸਹੌਰ, ਗੁਰਪ੍ਰੀਤ ਸਿੰਘ ਗਰੇਵਾਲ, ਹਰਜੀਤ ਸਿੰਘ ਖਿਆਲੀ, ਜੋਗਿੰਦਰ ਸਿੰਘ ਧੰਜਲ, ਹਰੀ ਸਿੰਘ ਮੈਂਬਰ ਆਦਿ ਹਾਜ਼ਰ ਸਨ।